# A COLLECTION OF STORIES 'TOHFA' DESCRIBING THE TRAGIC SITUATIONS OF LIFE

# ਜ਼ਿੰਦਗੀ ਦੀਆਂ ਤ੍ਰਾਸਦਿਕ ਸਥਿਤੀਆਂ ਨੂੰ ਬਿਆਨ ਕਰਦਾ ਕਹਾਣੀ ਸੰਗ੍ਰਹਿ 'ਤੋਹਫ਼ਾ'

**ਡਾ. ਭੀਮ ਇੰਦਰ ਸਿੰਘ** (Dr. Bhim Inder Singh)

**ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

Email ID: Bhiminderpbi@gmail.com ਮੋਬਾਈਲ: +91-9814902040

**ABSTRACT**

*ਸੁਰਿੰਦਰ ਗੀਤ ਦੀਆਂ ਕਹਾਣੀਆਂ ਸਾਡੇ ਸਮਾਜ ਦੀ ਅਸਾਵੀਂ ਵੰਡ, ਜਾਤ-ਪਾਤੀ ਵਿਵਸਥਾ, ਆਰਥਿਕ ਲੁੱਟ ਆਦਿ ਬਾਰੇ ਵੀ ਸੁਚੇਤ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚਲੇ ਪਾਤਰ ਮੱਧ-ਵਰਗੀ ਆਰਥਿਕਤਾ ਨਾਲ ਸੰਬੰਧਿਤ ਹੋਣ ਕਾਰਨ ਬੇਚੈਨੀ ਤੇ ਭੈਅ ਦਾ ਸ਼ਿਕਾਰ ਹੁੰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਕਹਾਣੀਆਂ ਵਿਚਲੀਆਂ ਸਧਾਰਨ ਗੱਲਾਂ ਵੀ ਅਸਾਧਾਰਨ ਪ੍ਰਭਾਵ ਸਿਰਜਦੀਆਂ ਹਨ। ਕਹਾਣੀਕਾਰਾ ਇਹ ਗੱਲਾਂ ਬੜੀ ਸੁਚੇਤ ਹੋ ਕੇ ਕਰ ਰਹੀ ਹੈ। ਇਨ੍ਹਾਂ ਗੱਲਾਂ ਪਿੱਛੇ ਉਸ ਦੀ ਡੂੰਘੀ ਸੋਚ ਹੈ। ਇਹੋ ਕਾਰਨ ਹੈ ਕਿ ਉਹ ਆਪਣੀ ਕਹਾਣੀ ਵਿਚ ਮਾਨਵੀ ਹੋਂਦ ਦੇ ਸਵਾਲ ਨੂੰ ਬਾਖ਼ੂਬੀ ਸਿਰਜਦੀ ਹੋਈ ਪਾਠਕ ਦੇ ਮਨ ਅੰਦਰ ਮਨੁੱਖ ਨੂੰ ਮਨੁੱਖ ਬਣਨ ਦਾ ਸੰਦੇਸ਼ ਦਿੰਦੀ ਹੈ।*

***ਕੀਵਰਡ : ਸੁਰਿੰਦਰ ਗੀਤ, ਸਮਾਜ, 'ਤੋਹਫ਼ਾ' ਕਹਾਣੀ-ਸੰਗ੍ਰਹਿ, ਸਮਾਜ-ਸੰਸਕ੍ਰਿਤੀ, ਸਾਹਿਤ, ਸਮਕਾਲੀ ਯਥਾਰਥ।***

ਸੁਰਿੰਦਰ ਗੀਤ ਪੰਜਾਬੀ ਕਾਵਿ ਜਗਤ ਵਿਚ ਇਕ ਪ੍ਰੋਢ ਤੇ ਸਥਾਪਤ ਨਾਂ ਹੈ। ਇਸ ਦਾ ਪ੍ਰਮੁੱਖ ਕਾਰਨ ਉਸ ਦੀ ਕਵਿਤਾ ਵਿਚ ਸਮਕਾਲੀ ਯਥਾਰਥ ਦੇ ਬਹੁਪਾਸਾਰੀ ਪੱਖਾਂ ਤੇ ਜੀਵਨ-ਮੁੱਲਾਂ ਨੂੰ ਬਹੁਤ ਹੀ ਸੁਚੇਤ ਤੇ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ ਜਾਣਾ ਹੈ। ਉਸ ਦਾ ਬਿਆਨ ਸਮਕਾਲੀ ਪ੍ਰਸਥਿਤੀਆਂ ਪ੍ਰਤੀ ਲੋਕਮੁਖੀ ਤੇ ਲੋਕਪੱਖੀ ਦ੍ਰਿਸ਼ਟੀ ਵਾਲਾ ਰਿਹਾ ਹੈ। ਲੱਗਭਗ ਇਕ ਦਰਜਨ ਕਾਵਿ-ਪੁਸਤਕਾਂ ਰਾਹੀਂ ਉਸ ਨੇ ਸਮਾਜਿਕ ਯਥਾਰਥ ਦੇ ਅਨੁਭਵਾਂ ਨੂੰ ਕਲਾਤਮਿਕ ਸੁਹਜ ਰਾਹੀਂ ਵਿਅਕਤ ਕੀਤਾ ਹੈ। ਹਥਲੇ ਕਹਾਣੀ-ਸੰਗ੍ਰਹਿ 'ਤੋਹਫ਼ਾ' ਰਾਹੀਂ ਉਸ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਪੈਰ ਰੱਖਿਆ ਹੈ। ਇਸ ਕਹਾਣੀ-ਸੰਗ੍ਰਹਿ ਵਿਚ ਕੁੱਲ ਸਤਾਰਾਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕਹਾਣੀਆਂ ਸਾਡੇ ਸਮਾਜ-ਸਭਿਆਚਾਰ ਦੇ ਪ੍ਰਸੰਗ ਵਿਚ ਵਿਚਰਦੇ ਨਿੱਕੇ-ਨਿੱਕੇ ਪਲਾਂ ਵਿਚਲੇ ਤੱਤਾਂ, ਤਨਾਵਾਂ ਤੇ ਅੰਸ਼ਾਂ ਨੂੰ ਬਿਆਨ ਕਰਦੀਆਂ ਹਨ। ਇਹ ਕਹਾਣੀਆਂ ਆਪਣੇ ਗਲਪੀ ਵਿਵੇਕ ਦੁਆਰਾ ਜਾਤ-ਜਮਾਤ, ਧਰਮ ਆਦਿ 'ਤੇ ਅਧਾਰਤ ਸਮਾਜ-ਸੰਸਕ੍ਰਿਤੀ ਦੇ ਅੰਤਰ-ਵਿਰੋਧਾਂ ਨੂੰ ਇਸ ਦੀ ਗਤੀਸ਼ੀਲਤਾ ਵਿਚ ਰੂਪਮਮਾਨ ਕਰਦੀਆਂ ਹਨ। ਅਜਿਹਾ ਕਰਦਿਆਂ ਕਹਾਣੀਕਾਰਾ ਸੁਰਿੰਦਰ ਗੀਤ ਆਪਣੇ ਜੀਵਨ ਅਨੁਭਵ ਨੂੰ ਇਕ ਵਿਸ਼ੇਸ਼ ਵਿਧੀ, ਮਾਨਵਵਾਦੀ ਦ੍ਰਿਸ਼ਟੀ ਤੇ ਧਰਮ ਨਿਰਪੱਖਤਾ ਰਾਹੀਂ ਪ੍ਰਗਟ ਕਰਦੀ ਹੈ। ਇਹਨਾਂ ਕਹਾਣੀਆਂ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹ ਕਹਾਣੀਆਂ ਜੀਵਨ ਦੀਆਂ ਵਿਭਿੰਨ ਪਰਤਾਂ, ਦਸ਼ਾ ਤੇ ਦਿਸ਼ਾ ਨੂੰ ਬਹੁਤ ਹੀ ਸੂਖ਼ਮ ਤਰੀਕੇ ਨਾਲ ਬਿਆਨ ਕਰਦੀਆਂ ਹਨ। ਇਹਨਾਂ ਕਹਾਣੀਆਂ ਵਿਚਲੇ ਪਾਤਰ ਸਮਾਜਿਕ ਤਬਦੀਲੀਆਂ ਦੇ ਵੇਗ ਨੂੰ ਵੱਖ-ਵੱਖ ਬਿਰਤਾਂਤਾਂ ਰਾਹੀਂ ਰੂਪਮਾਨ ਕਰਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਕਹਾਣੀਆਂ ਦੀ ਰਚਨਾ-ਵਿਧੀ ਵਧੇਰੇ ਵਰਣਨੀ ਹੈ। ਇਹਨਾਂ ਕਹਾਣੀਆਂ ਵਿਚਲਾ ਤਨਾਓ ਤੇ ਟਕਰਾਓ ਹੀ ਇਹਨਾਂ ਦੀ ਹੋਂਦ ਵਿਧੀ ਨੂੰ ਨਿਰਧਾਰਤ ਕਰਦਾ ਹੈ।

ਪੰਜਾਬੀ ਸਾਹਿਤ ਦੀ ਇਕ ਵਿਡੰਬਣਾ ਇਹ ਵੀ ਰਹੀ ਹੈ ਕਿ ਔਰਤ ਦੀ ਸਾਹਿਤ ਸਿਰਜਣਾ ਨੂੰ ਮਰਦ ਦੇ ਦ੍ਰਿਸ਼ਟੀਕੋਣ ਤੋਂ ਸਮਝਣ-ਸਮਝਾਉਣ ਦਾ ਯਤਨ ਹੁੰਦਾ ਰਿਹਾ ਹੈ। ਸੁਰਿੰਦਰ ਗੀਤ ਔਰਤ ਦੀ ਤ੍ਰਾਸਦੀ ਨੂੰ ਇਕ ਵਿਸ਼ੇਸ਼ ਨਜ਼ਰੀਏ ਤੋਂ ਆਪਣੀਆਂ ਕਹਾਣੀਆਂ ਵਿੱਚ ਪ੍ਰਗਟ ਕਰਦੀ ਹੈ। ਇਹ ਤ੍ਰਾਸਦੀ ਸਾਡੇ ਸਮਾਜ ਦੀਆਂ ਉਨ੍ਹਾਂ ਮਰਦ-ਪ੍ਰਧਾਨ ਪ੍ਰਵਿਰਤੀਆਂ ਕਰਕੇ ਹੈ ਜੋ ਜਗੀਰੂ ਰਹਿੰਦ-ਖੂੰਹਦ ਤੇ ਪੂੰਜੀਵਾਦੀ ਪ੍ਰਬੰਧ ਦੀਆਂ ਭਿਆਨਕ ਪਰੰਪਰਾਵਾਂ ਕਰਕੇ ਹੋਂਦ ਗ੍ਰਹਿਣ ਕਰਦੀਆਂ ਹੈ। ਸੁਰਿੰਦਰ ਗੀਤ ਇਨ੍ਹਾਂ ਪ੍ਰਵਿਰਤੀਆਂ ਤੇ ਪਰੰਪਰਾਵਾਂ ਨੂੰ ਨਕਾਰ ਕੇ ਮਨੁੱਖਤਾ ਤੇ ਔਰਤ ਦੀ ਬੇਹਤਰੀ ਦੀ ਬਾਤ ਇਨ੍ਹਾਂ ਕਹਾਣੀਆਂ ਰਾਹੀਂ ਪਾਉਂਦੀ ਹੈ। ਇਨ੍ਹਾਂ ਕਹਾਣੀਆਂ ਦਾ ਵਿਸ਼ਾ-ਵਸਤੂ ਪੰਜਾਬੀ ਸਮਾਜ ਵਿੱਚ ਔਰਤ ਤੇ ਮਰਦ ਦੀ ਸਮਾਜਿਕ ਹੋਂਦ ਤੇ ਹੋਣੀ ਨੂੰ ਵੀ ਰੂਪਮਾਨ ਕਰਨ ਦਾ ਯਤਨ ਕਰਦਾ ਹੈ। ਇਸ ਤੋਂ ਇਲਾਵਾ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿੱਚ ਪਰਵਾਸ ਧਾਰਨ ਦੀ ਪ੍ਰਵਿਰਤੀ ਨੂੰ ਵੀ ਇਹ ਕਹਾਣੀਆਂ ਅਗਰਭੂਮੀ ਵਿੱਚ ਲਿਆਉਂਦੀਆਂ ਹਨ। ਸੁਰਿੰਦਰ ਗੀਤ ਦੀ ਮਲਵਈ ਉਪ-ਭਾਸ਼ਾਈ ਸਮਰੱਥਾ ਸਦਕਾ ਇਹ ਕਹਾਣੀਆਂ ਕਲਾਤਮਕ ਪੱਖ ਤੋਂ ਵੀ ਆਪਣੇ ਪਾਠਕ ਨੂੰ ਖਿੱਚਦੀਆਂ ਹਨ।

ਇਸ ਕਹਾਣੀ ਸੰਗ੍ਰਹਿ ਦੀ ਪਲੇਠੀ ਕਹਾਣੀ 'ਤਾਏ ਕੇ : ਚੋਰ ਉਚੱਕੇ ਨਹੀਂ' ਕੈਨੇਡਾ ਵਿਚਲੇ ਉਨ੍ਹਾਂ ਮੂਲ ਨਿਵਾਸੀਆਂ ਦੀ ਜ਼ਿੰਦਗੀ ਦੀਆਂ ਤ੍ਰਾਸਦਿਕ

ਸਥਿਤੀਆਂ ਨੂੰ ਬਿਆਨ ਕਰਦੀ ਹੈ ਜਿਹੜੀਆਂ ਉੱਥੋ ਦੇ 'ਸਭਿਅਕ ਸਮਾਜ' ਦੀ ਅਸਲ ਤਸਵੀਰ ਨੂੰ ਬਿਆਨ ਕਰਦੀਆਂ ਹਨ। ਕੈਨੇਡਾ, ਅਮਰੀਕਾ ਜਾਂ ਅਸਟ੍ਰੇਲੀਆ ਆਦਿ ਮੁਲਕਾਂ ਵਿਚ ਰਹਿੰਦੇ ਮੂਲ ਨਿਵਾਸੀਆਂ ਦੀ ਨਰਕ ਭਰੀ ਜ਼ਿੰਦਗੀ ਬਾਰੇ ਬਹੁਤ ਘੱਟ ਪੰਜਾਬੀ ਕਹਾਣੀਆਂ ਵੇਖਣ ਨੂੰ ਮਿਲਦੀਆਂ ਹਨ, ਇਸ ਦੇ ਬਾਵਜੂਦ ਇਹ ਕਹਾਣੀ ਇਨ੍ਹਾਂ ਮੁਲਕਾਂ ਦੇ ਮੂਲ ਨਿਵਾਸੀਆਂ ਦੀਆਂ ਸਮੱਸਿਆਵਾਂ, ਸੰਕਟਾਂ, ਸੀਮਾਵਾਂ ਤੇ ਸੰਵੇਦਨਾਵਾਂ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਕਹਾਣੀਕਾਰਾ ਦੀ ਸੰਵੇਦਨਾ ਇਨ੍ਹਾਂ ਮੂਲ ਨਿਵਾਸੀਆਂ ਦੇ ਹੱਕ ਵਿਚ ਭੁਗਤੀ ਹੈ ਜੋ ਸਾਮਰਾਜੀ ਧੌਂਸ ਦੇ ਚੱਲਦਿਆਂ ਆਪਣੇ ਮੁਲਕ ਵਿਚ ਹੀ ਗਰੀਬੀ ਤੇ ਭੁੱਖਮਾਰੀ ਦਾ ਸ਼ਿਕਾਰ ਹੋਣ ਲਈ ਮਜਬੂਰ ਕਰ ਦਿੱਤੇ ਗਏ ਹਨ। ਇੱਥੇ ਹੀ ਬਸ ਨਹੀਂ ਇਨ੍ਹਾਂ ਮੂਲ ਨਿਵਾਸੀਆਂ ਨੂੰ ਸਾਮਰਾਜੀ ਕੂਟਨੀਤੀਆਂ ਕਾਰਨ ਆਪਣੇ ਹੀ ਮੁਲਕ ਵਿਚ 'ਚੋਰ ਉਚੱਕੇ' ਬਣਾ ਦਿੱਤਾ ਗਿਆ ਹੈ। ਕਹਾਣੀਕਾਰਾ ਇਸ ਬਿਰਤਾਂਤ ਨੂੰ ਸਿਰਜਣ ਵਿਚ ਸਫ਼ਲ ਹੁੰਦੀ ਹੈ ਕਿ ਸਾਮਰਾਜੀ ਸਿਆਸਤ ਦਾ ਸ਼ਿਕਾਰ ਇਹ ਮੂਲ ਨਿਵਾਸੀ (ਮਾਈਕਲ ਫੋਨਟੈਨ) ਸੰਵੇਦਨਸ਼ੀਲ ਤੇ ਸ਼ਿਸ਼ਟਾਚਾਰੀ ਇਨਸਾਨ ਹੈ। ਅਜਿਹੀ ਭਾਵਨਾ ਨੂੰ ਵਿਅਕਤ ਕਰਦੀਆਂ ਕਹਾਣੀ ਦੀਆਂ ਹੇਠ ਲਿਖੀਆਂ ਸਤਰਾਂ ਵਰਣਨਯੋਗ ਹਨ :-

> *"ਉਸਦਾ ਡਾਟਰ (Daughter) ਕਹਿਣਾ ਮੇਰੇ ਲਈ ਬੇਹੱਦ ਅਚੰਭੇ ਵਾਲੀ ਗੱਲ ਸੀ। ਮੇਰੀਆਂ ਅੱਖਾਂ ਭਰ ਆਈਆਂ। ਮੈਂ ਉਹ ਦਸ ਦਾ ਨੋਟ ਉਸ ਨੂੰ ਦੇਣਾ ਚਾਹਿਆ ਪਰ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਕਿਸੇ ਦਿਨ ਬਰੇਕਫ਼ਾਸਟ ਖ਼ਰੀਦ ਦੇਣਾ ਜਿਸ ਦਿਨ ਮੈਨੂੰ ਭੁੱਖ ਹੋਈ।"*

ਕਹਾਣੀਕਾਰਾ ਦਾ ਮੰਨਣਾ ਹੈ ਕਿ ਇਹ ਨੇਟੇਵ ਲੋਕ ਸਮਾਜਿਕ-ਸਿਆਸੀ ਪ੍ਰਸਥਿਤੀਆਂ ਦੇ ਝੰਬੇ, ਮਾਰੇ-ਕੁੱਟੇ ਤੇ ਟੁੱਟੇ ਹੋਏ ਲੋਕ ਹਨ ਨਾ ਕਿ ਚੋਰ-ਉਚੱਕੇ। ਇਨ੍ਹਾਂ ਨੂੰ ਸਮਾਜ ਦੀ ਹਮਦਰਦੀ ਤੇ ਪਿਆਰ ਦੀ ਬੇਹੱਦ ਲੋੜ ਹੈ ਤਾਂ ਕਿ ਇਹ ਵੀ ਦੂਸਰੇ ਲੋਕਾਂ ਵਾਂਗ ਆਪਣੀ ਜ਼ਿੰਦਗੀ ਮਾਣ-ਸਤਿਕਾਰ ਨਾਲ ਬਤੀਤ ਕਰ ਸਕਣ। ਕਹਾਣੀਕਾਰਾ ਸੁਰਿੰਦਰ ਗੀਤ ਸਮਾਜਿਕ ਯਥਾਰਥ ਦੇ ਤਣਾਵਾਂ, ਟਕਰਾਵਾਂ ਅਤੇ ਅਪਵਾਦਾਂ ਪ੍ਰਤੀ ਚੇਤੰਨ ਤੇ ਸੰਵੇਦਨਸ਼ੀਲ ਨਜ਼ਰ ਆਉਂਦੀ ਹੈ। ਉਸ ਦੀ ਸੰਵੇਦਨਾ ਜਿਥੇ ਔਰਤ ਮਨ ਦੀਆਂ ਅਤਿ ਸੂਖ਼ਮ ਤੰਦਾਂ ਨਾਲ ਜੁੜਦੀ ਹੈ ਉੱਥੇ ਸਮਾਜ ਦੇ ਕਰੂਪ ਚਿਹਰੇ ਨੂੰ ਵੀ ਉਹ ਅਗਰਭੂਮੀ ਵਿਚ ਲਿਆਉਂਦੀ ਹੈ। ਇਸ ਸੰਗ੍ਰਹਿ ਦੇ ਸਿਰਲੇਖ 'ਤੋਹਫ਼ਾ' ਕਹਾਣੀ ਵਿਚ ਔਰਤ ਦੀ ਮਮਤਾ ਤੇ ਮੋਹ ਨੂੰ ਪੇਸ਼ ਕਰਨ ਦੇ ਨਾਲ-ਨਾਲ ਬਾਹਰਮੁਖੀ ਯਥਾਰਥ ਵਿਚਲੀਆਂ ਵਿਸੰਗਤੀਆਂ ਨੂੰ ਵੀ ਉਜਾਗਰ ਕਰਦੀ ਹੈ। ਇਸ ਕਹਾਣੀ ਵਿਚਲੀ ਬਲਵੀਰ ਪਾਤਰ ਰਾਹੀਂ ਕਹਾਣੀਕਾਰਾ ਨੇ ਔਰਤ ਦੇ ਵਡੇਰੇ ਆਦਰਸ਼ਾਂ ਤੇ ਮੋਹ-ਮਮਤਾ ਦੀਆਂ ਤੰਦਾਂ ਨੂੰ ਸਿਰਜ ਕੇ ਸਾਡੇ ਸਮਾਜ ਵਿਚ ਫ਼ੈਲੇ ਧਾਰਮਿਕ ਫ਼ਿਰਕੂਪੁਣੇ 'ਤੇ ਵੀ ਸੱਟ ਮਾਰੀ ਹੈ। ਬਲਵੀਰ ਜਦੋਂ ਆਪਣੀ ਸਹੇਲੀ ਦੇ ਬੇਟੇ ਰੋਹਿਤ ਨੂੰ ਅਪਨਾ ਕੇ ਆਪਣੇ ਹਿੱਸੇ ਦੀ ਸਾਰੀ ਜਾਇਦਾਦ ਉਸ ਦੇ ਹਵਾਲੇ ਕਰ ਦਿੰਦੀ ਹੈ ਤਾਂ ਕਹਾਣੀਕਾਰਾ ਇਸ ਨੂੰ ਇਕ ਬੇਸ਼ਕੀਮਤੀ 'ਤੋਹਫ਼ਾ' ਮੰਨਦੀ ਹੈ। ਕਹਾਣੀ ਦੀਆਂ ਆਖ਼ਰੀ ਸਤਰਾਂ ਇਸ ਦੀ ਗਵਾਹੀ ਭਰਦੀਆਂ ਹਨ :-

> *"ਅੱਜ-ਕੱਲ੍ਹ ਬਲਵੀਰ ਦੀ ਕਲੀਨਿਕ 'ਤੇ ਮੋਟੇ ਅੱਖਰਾਂ ਵਿਚ ਡਾ. ਰੋਹਿਤ ਭੁੱਲਰ ਐਮ.ਡੀ. ਲਿਖਿਆ ਹੋਇਆ ਹੈ ਅਤੇ ਬਲਵੀਰ ਉਸ ਵਾਸਤੇ ਇਕ ਸੁਚੱਜੀ, ਸੋਹਣੀ ਸੁਨੱਖੀ ਕੁੜੀ ਦੀ ਤਲਾਸ਼ ਕਰ ਰਹੀ ਹੈ।"*

'ਤੋਹਫ਼ਾ' ਕਹਾਣੀ ਵਿਚ ਸਮਾਜ ਵਿਚ ਔਰਤ ਦੇ ਸਥਾਨ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਕਹਾਣੀ ਦੀਆਂ ਹੇਠ ਲਿਖੀਆਂ ਸਤਰਾਂ ਵਿਚ ਔਰਤ ਦੇ ਅਸਤਿਤਵ ਦੇ ਸੰਕਟ ਦਾ ਅਹਿਮ ਖੁਲਾਸਾ ਇਸ ਤਰ੍ਹਾਂ ਕੀਤਾ ਹੈ :-

> "ਬਲਬੀਰ ਨੇ ਦੱਸਿਆ ਕਿ ਉਸ ਦੇ ਨਾਨਾ-ਨਾਨੀ, ਦਾਦਾ-ਦਾਦੀ ਸਭ ਚਲਾਣਾ ਕਰ ਗਏ। ਹਰੀਸ਼ ਮਾਪਿਆਂ ਦੀ ਇਕਲੌਤੀ ਔਲਾਦ ਸੀ। ਨਾ ਸਹੁਰਿਆਂ ਨੇ ਨਾ ਪੇਕਿਆਂ ਨੇ ਨੀਰੂ ਦਾ ਸਾਥ ਦਿੱਤਾ। ਕਿਸੇ ਨੇ ਉਸਦੀ ਮੌਤ ਦਾ ਸੋਗ ਨਾ ਮਨਾਇਆ। ਮਾਪੇ ਵੀ ਕਲੰਕ ਸਮਝਦੇ ਸਨ ਤੇ ਸਹੁਰੇ ਵੀ ਕਲੰਕ ਸਮਝਦੇ ਸਨ। ਕਿਸੇ ਨੇ ਨੀਰੂ ਦੇ ਬੱਚੇ ਬਾਰੇ ਨਹੀਂ ਪੁੱਛਿਆ।"

ਸੁਰਿੰਦਰ ਗੀਤ ਮਾਲਵਾ ਖੇਤਰ ਦੀ ਜੰਮਪਲ ਹੈ। ਬੇਸ਼ੱਕ ਉਸਨੂੰ ਕੈਨੇਡਾ ਜਾਣਾ ਪਿਆ ਇਸ ਦੇ ਬਾਵਜੂਦ ਉਸ ਦੀ ਮਲਵੱਈ ਆਤਮਾ ਮਾਲਵੇ ਦੇ ਨਿੱਘ ਤੇ ਮੋਹ-ਭਿੰਨੇ ਅਨੁਭਵਾਂ ਨਾਲ ਲਬਰੇਜ਼ ਰਹੀ। ਅਜਿਹੇ ਅਨੁਭਵ ਹੀ ਉਸ ਦੇ ਜ਼ਹਿਨ ਵਿਚ ਪਾਰ-ਰਾਸ਼ਟਰੀ ਚੇਤਨਾ ਨੂੰ ਗ੍ਰਹਿਣ ਕਰਦੇ ਹਨ। ਇਹੋ ਕਾਰਨ ਹੈ ਕਿ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਔਰਤ ਦੀਆਂ ਭਾਵੁਕ ਅਕਾਂਖਿਆਵਾਂ ਦੇ ਨਾਲ-ਨਾਲ ਉਸ ਦੀਆਂ ਸਮਾਜਿਕ-ਆਰਥਿਕ ਅਕਾਂਖਿਆਵਾਂ ਤੇ ਤਨਾਓ ਨੂੰ ਬਿਆਨ ਕਰਦੀਆਂ ਹਨ। ਵਿਦੇਸ਼ ਦੀ ਧਰਤੀ 'ਤੇ ਔਰਤ ਦੀ ਦੁਰਦਸ਼ਾ ਨੂੰ 'ਕੁਰਬਾਨੀ' ਕਹਾਣੀ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਕਹਾਣੀ ਵਿਚਲੀ ਔਰਤ ਪਾਤਰ ਮੀਤਾਂ ਦੀ ਦਾਸਤਾਨ ਨੂੰ ਹੇਠ ਲਿਖੀਆਂ ਸਤਰਾਂ ਇੰਝ ਬਿਆਨ ਕਰਦੀਆਂ ਹਨ :-

> "...ਫਿਰ ਇਕ ਦਿਨ ਮੇਰੀ ਬਾਂਹ ਤੋੜ ਦਿੱਤੀ। ਇਕ ਦਿਨ ਬਾਲਾਂ ਤੋਂ ਫੜ ਕੇ ਦਰਵਾਜ਼ੇ ਤਕ ਘੜੀਸ ਕੇ ਲੈ ਗਿਆ ਤੇ ਆਖੇ ਇਥੇ ਦਰਵਾਜ਼ੇ 'ਚ ਬਹਿ ਕੇ ਰਾਤ ਕੱਟ। ਮੈਂ ਦੋ ਤਿੰਨ ਘੰਟੇ ਬੈਠੀ ਰਹੀ।"

ਸੁਰਿੰਦਰ ਗੀਤ ਦੀਆਂ ਕਹਾਣੀਆਂ ਜਿੱਥੇ ਸਾਡੇ ਸਮਾਜ ਵਿਚ ਫੈਲੀ ਜਾਤ-ਪਾਤੀ ਪ੍ਰਥਾ 'ਤੇ ਸਵਾਲੀਆ ਚਿੰਨ੍ਹ ਲਗਾਉਂਦੀਆਂ ਹਨ ਉੱਥੇ ਧਰਮ ਦੇ ਨਾਂ 'ਤੇ ਪਈਆਂ ਵੰਡੀਆਂ ਬਾਰੇ ਵੀ ਇਹ ਕਹਾਣੀਆਂ ਸਾਨੂੰ ਸੁਚੇਤ ਕਰਦੀਆਂ ਹਨ। ਇਸ

ਤੋਂ ਇਲਾਵਾ ਇਕ ਹੋਰ ਬਹੁਤ ਵੱਡਾ ਸਵਾਲ ਇਨ੍ਹਾਂ ਕਹਾਣੀਆਂ ਰਾਹੀਂ ਸਾਡੇ ਸਨਮੁਖ ਹੈ ਕਿ ਕੀ ਕਾਰਨ ਹੈ ਕਿ ਕਨੇਡਾ ਵਰਗਾ ਮੁਲਕ ਏਨੀ ਤਰੱਕੀ ਕਰ ਕੇ ਅੱਜ ਦੁਨੀਆ ਦੇ ਸਭ ਤੋਂ ਸੋਹਣੇ ਤੇ ਸਮਰੱਥਾ ਪੂਰਨ ਮੁਲਕਾਂ ਵਿਚ ਗਿਣਿਆ ਜਾਂਦਾ ਹੈ ਉੱਥੇ ਭਾਰਤ ਤੇ ਪੰਜਾਬ ਅੱਜ ਵੀ ਪਛੜੇਵੇਂ ਦਾ ਸ਼ਿਕਾਰ ਹਨ। ਇਹ ਪਛੜੇਵਾਂ ਸਿਰਫ਼ ਆਰਥਿਕ ਹੀ ਨਹੀਂ ਸਗੋਂ ਮਾਨਸਿਕ ਤੇ ਸਮਾਜਿਕ ਵੀ ਹੈ। ਇਸ ਪਛੜੇਵੇਂ ਨੂੰ ਇਨ੍ਹਾਂ ਕਹਾਣੀਆਂ ਰਾਹੀਂ ਸੁਰਿੰਦਰ ਗੀਤ ਸਾਡੇ ਧਿਆਨ ਦਾ ਕੇਂਦਰ ਬਿੰਦੂ ਬਣਾਉਂਦੀ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਪੰਜਾਬੀ ਸਮਾਜ ਦੇ ਵਿਕੋਲਿਤਰੇ ਵਰਗਾਂ/ਜਾਤਾਂ ਦੇ ਵਿਭਿੰਨ ਕਾਰਨਾਂ ਵਿਚੋਂ ਉਤਪੰਨ ਹੋਈਆਂ ਦਿੱਕਤਾਂ ਨੂੰ ਹੰਢਾਉਂਦੀ ਪੰਜਾਬ ਦੀ ਸਾਧਾਰਨ ਔਰਤ ਦੀ ਦਾਸਤਾਨ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਵੱਖ-ਵੱਖ ਕਹਾਣੀਆਂ ਵਿਚ ਪੰਜਾਬ ਦੀ ਜਾਤੇਜਮਾਤ ਪ੍ਰਕਿਰਿਆ ਵਿਚ ਫਸੀ ਔਰਤ ਨੂੰ ਇਨ੍ਹਾਂ ਸਮਾਜਿਕ ਪ੍ਰਸਥਿਤੀਆਂ ਦੇ ਪ੍ਰਕਰਣ ਵਿਚ ਪੇਸ਼ ਕੀਤਾ ਗਿਆ ਹੈ। ਇਸ ਸੰਦਰਭ ਵਿਚ 'ਮਾਂ', 'ਮੈਂ ਚੰਗੀ ਮਾਂ ਹਾਂ', 'ਗੁਨਾਹ' ਆਦਿ ਕਹਾਣੀਆਂ ਵੇਖੀਆਂ ਜਾ ਸਕਦੀਆਂ ਹਨ।

ਸੁਰਿੰਦਰ ਗੀਤ ਆਪਣੀਆਂ ਕਹਾਣੀਆਂ ਵਿਚ ਆਧੁਨਿਕ ਮਨੋਵਿਗਿਆਨ ਦਾ ਸਹਾਰਾ ਲੈ ਕੇ ਪੰਜਾਬ ਦੀ ਔਰਤ ਦੇ ਵਿਅਕਤੀਤਵ ਨੂੰ ਵੀ ਸਮਝਣ ਦਾ ਯਤਨ ਕਰਦੀ ਹੈ। ਉਸ ਨੇ ਕਈ ਕਹਾਣੀਆਂ ਵਿਚ ਔਰਤ ਨੂੰ ਮਾਨਸਿਕ ਕਾਰਨਾਂ ਕਰਕੇ ਵੀ ਕਸ਼ਟ ਭੋਗਦੇ ਵਿਖਾਇਆ ਹੈ। ਇਨ੍ਹਾਂ ਕਹਾਣੀਆਂ ਵਿੱਚ ਲੇਖਿਕਾ ਔਰਤ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਯਤਨ ਕਰਦੀ ਹੈ ਅਤੇ ਆਪੇ ਦੀ ਚੇਤਨਾ ਹੀ ਉਸ ਨੂੰ ਇਨ੍ਹਾਂ ਕਹਾਣੀਆਂ ਵਿਚ ਵਿਸ਼ੇਸ਼ ਕਿਸਮ ਦੀਆਂ ਔਰਤ ਪਾਤਰਾਂ ਨੂੰ ਸਿਰਜਦੀ ਹੋਈ ਉਨ੍ਹਾਂ ਨੂੰ ਆਦਰਸ਼ ਪਾਤਰ ਬਣਾ ਕੇ ਪੇਸ਼ ਕਰਦੀ ਹੈ।

ਸੁਰਿੰਦਰ ਵੀ ਉਸ ਦੀਆਂ ਸਮੱਸਿਆਵਾਂ ਨੂੰ ਵਧਾਉਂਦਾ ਹੈ। ਇਸਦੇ ਨਾਲ ਹੀ ਲੇਖਿਕਾ ਦਾ ਦ੍ਰਿਸ਼ਟੀਕੋਣ ਉਲਾਰ ਨਾ ਹੋ ਕੇ ਸੰਤੁਲਨ ਨੂੰ ਕਾਇਮ ਰੱਖਣ ਵਾਲਾ ਹੈ। ਉਸ ਨੇ ਔਰਤ ਨੂੰ ਮਾਨਵਾਦੀ ਨਜ਼ਰੀਏ ਤੋਂ ਵੇਖਣ/ਪਰਖਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਨਜ਼ਰੀਏ ਨੇ ਉਸ ਨੂੰ ਉਪ-ਭਾਵੁਕ ਹੋਣ ਤੋਂ ਬਚਾਇਆ ਹੈ। ਇਸ ਨਜ਼ਰੀਏ ਕਾਰਨ ਹੀ ਉਸ ਨੇ ਔਰਤ ਨੂੰ ਉਸ ਦੀ ਸਾਧਾਰਨਤਾ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ।

ਔਰਤ ਪ੍ਰਤੀ ਸਮਾਜ ਦੇ ਇਸ ਦ੍ਰਿਸ਼ਟੀਕੋਣ ਨੂੰ ਸਮਝਣ/ਸਮਝਾਉਣ ਦਾ ਯਤਨ ਕਹਾਣੀਕਾਰਾ ਬੜੀ ਗੰਭੀਰਤਾ ਨਾਲ ਕਰਦੀ ਹੈ। ਇਸ ਦ੍ਰਿਸ਼ਟੀਕੋਣ ਸਦਕਾ ਹੀ ਉਸ ਦੀ ਸ਼ੈਲੀ, ਤਕਨੀਕ ਜਾਂ ਰੂਪ, ਬਿਰਤਾਂਤ ਆਦਿ ਤੈਅ ਹੁੰਦੀ ਹੈ। ਇਹਨਾਂ ਕਹਾਣੀਆਂ ਵਿਚਲੇ ਸਾਧਾਰਨ ਪਾਤਰ ਸਾਧਾਰਨ ਪ੍ਰਸਥਿਤੀਆਂ ਵਿਚ ਵਿਚਰਦੇ ਲੱਗਦੇ ਹਨ। ਉਸ ਦੀ ਕਹਾਣੀ ਕਲਾ ਦੀ ਤਕਨੀਕ ਮਨ-ਬਚਨੀ ਜਾਂ ਚਿੱਠੀਆਂ ਵਰਗੀ ਹੈ। ਉਦਾਹਰਨ ਦੇ ਤੌਰ 'ਤੇ ਉਸ ਦੀਆਂ ਕਹਾਣੀਆਂ 'ਕੈਨੇਡਾ ਦੀ ਟਿਕਟ', 'ਖੇਤ ਦੀ ਨੁਕਰੇ', 'ਦੇਵਤੇ', 'ਧੀ ਦਾ ਕਰਜ਼', ਆਦਿ ਵਿਚ ਅਜਿਹੀ ਤਕਨੀਕ ਦੇ ਹੀ ਦਰਸ਼ਨ ਹੁੰਦੇ ਹਨ। ਕਈ ਕਹਾਣੀਆਂ ਵਿਚ ਉਹ ਆਪਣੇ ਵਿਚਾਰ ਪਹਿਲਾਂ ਘੜਦੀ ਹੈ ਅਤੇ ਬਾਅਦ ਵਿਚ ਇਨ੍ਹਾਂ ਨੂੰ ਵੱਖ-ਵੱਖ ਪਾਤਰਾਂ ਰਾਹੀਂ ਪੇਸ਼ ਕਰਨ ਦਾ ਯਤਨ ਕਰਦੀ ਹੈ। ਇਹੋ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਸਾਨੂੰ ਉਪ-ਭਾਵੁਕ ਕਾਵਿ ਵਰਗਾ ਭੁਲੇਖਾ ਪਾਉਂਦੀਆਂ ਹਨ। ਉਦਾਹਰਣ ਦੇ ਤੌਰ 'ਤੇ 'ਨਵੀਂ ਜੁੱਤੀ' ਕਹਾਣੀ ਦੀ ਸ਼ੁਰੂਆਤ ਉਹ ਹੇਠ ਲਿਖੇ ਸ਼ਬਦਾਂ ਤੋਂ ਕਰਦੀ ਹੈ:-

> *"ਮੈਂ ਜਿਵੇਂ ਹੀ 'ਲੋਕ ਗੀਤ ਪ੍ਰਕਾਸ਼ਨ' ਦੀ ਕਿਤਾਬਾਂ ਵਾਲੀ ਦੁਕਾਨ ਦੇ ਅੰਦਰ ਗਈ ਤਾਂ ਦੇਖਿਆ ਕਿ ਦੋ ਕੁੜੀਆਂ ਕਿਤਾਬਾਂ ਖ਼ਰੀਦ ਰਹੀਆਂ ਸਨ। ਉਨ੍ਹਾਂ ਕੁੜੀਆਂ ਤੇ ਦੁਕਾਨਦਾਰ ਦੀਆਂ ਗੱਲਾਂ-ਬਾਤਾਂ ਤੋਂ ਪਤਾ ਲੱਗ ਗਿਆ ਕਿ ਜਿਸ ਕਾਲਜ ਵਿਚ ਪੰਜਾਬੀ ਪੜ੍ਹਾਉਂਦੀਆਂ ਸਨ, ਉਸ ਕਾਲਜ ਦੀ ਲਾਇਬਰੇਰੀ ਵਾਸਤੇ ਉਹ ਕਿਤਾਬਾਂ ਖ਼ਰੀਦ ਰਹੀਆਂ ਸਨ। ਉਹ ਦੋਨੋਂ ਕੁੜੀਆਂ ਕਾਊਂਟਰ 'ਤੇ ਖਲੋਤੀਆਂ ਸਨ ਤੇ ਲਗਾਤਾਰ ਇਕ ਤੋਂ ਵੱਧ ਇਕ ਚੰਗੀ ਕਿਤਾਬ ਕਾਊਂਟਰ ਤੋਂ ਕਢਵਾ ਰਹੀਆਂ ਸਨ।...ਉਨ੍ਹਾਂ ਦੀ ਕਿਤਾਬਾਂ ਦੀ ਚੋਣ ਇਸ ਗੱਲ ਦੀ ਗਵਾਹੀ ਭਰਦੀ ਸੀ ਕਿ ਉਹ ਅਮੀਰ ਵਿਚਾਰਾਂ ਦੀਆਂ ਧਾਰਨੀ ਹਨ।"*

ਸੁਰਿੰਦਰ ਗੀਤ ਦੀਆਂ ਇਨ੍ਹਾਂ ਕਹਾਣੀਆਂ ਦੀ ਭਾਸ਼ਾ ਕਈ ਵਾਰ ਆਪਣੇ ਉਪ-ਭਾਵੁਕ ਨਜ਼ਰੀਏ ਕਰਕੇ ਕਾਵਿਮਈ ਵੀ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਭਾਸ਼ਾ ਨੂੰ 'ਕੁਰਬਾਨੀ', 'ਗੁਨਾਹ', 'ਮੈਂ ਚੰਗੀ ਮਾਂ ਹਾਂ' ਆਦਿ ਕਹਾਣੀਆਂ ਵਿਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਦੇ ਮੱਧ-ਵਰਗੀ ਪਾਤਰਾਂ ਦੀ ਭਾਸ਼ਾ ਨਿਰੋਲ ਮਲਵੱਈ ਹੈ ਜਿਹੜੀ ਪਾਤਰਾਂ ਦੇ ਅਨੁਕੂਲ ਸਾਨੂੰ ਸੁਭਾਵਕ ਵੀ ਜਾਪਦੀ ਹੈ। ਇਨ੍ਹਾਂ ਕਹਾਣੀਆਂ ਵਿਚ ਔਰਤ ਦੇ ਦੁੱਖ-ਦਰਦਾਂ ਨੂੰ ਇਕ ਤਰ੍ਹਾਂ ਦੀ ਪ੍ਰਗੀਤਕ ਸ਼ੈਲੀ ਰਾਹੀਂ ਪੇਸ਼ ਕੀਤਾ ਹੈ। ਇਸੇ ਕਰਕੇ ਇਨ੍ਹਾਂ ਕਹਾਣੀਆਂ ਵਿਚ ਮਿਠਾਸ ਵੀ ਮਿਲਦੀ ਹੈ ਤੇ ਮਨ ਨੂੰ ਸਕੂਨ ਵੀ। ਕਈ ਕਹਾਣੀਆਂ ਵਿਚ ਲੇਖਿਕਾ ਨੇ ਅਸਾਧਾਰਨ ਅਨੁਭਵ ਦੀ ਪੇਸ਼ਕਾਰੀ ਵੀ ਕੀਤੀ ਹੈ ਅਤੇ ਕਈਆਂ ਵਿਚ ਦੁੱਖ ਦੇ ਪ੍ਰਬਲ ਅਨੁਭਵ ਨੂੰ ਵੀ ਸਿਰਜਿਆ ਗਿਆ ਹੈ। ਇਹੋ ਕਾਰਨ ਹੈ ਕਿ ਕਈ ਵਾਰ ਇਹ ਕਹਾਣੀਆਂ ਸਾਨੂੰ ਅੰਤਰਮੁਖੀ ਜਾਪਦੀਆਂ ਹਨ। ਅਜਿਹੀ ਅੰਤਰਮੁਖਤਾ ਦੀ ਲੋੜ ਕਵਿਤਾ ਲਿਖਣ ਲੱਗਿਆਂ ਵਧੇਰੇ ਪੈਂਦੀ ਹੈ। ਇਸ ਕਰਕੇ ਇਹ ਕਹਾਣੀਆਂ ਕੋਮਲਤਾ ਦੇ ਨਾਲ-ਨਾਲ ਔਰਤ ਪ੍ਰਤੀ ਹਮਦਰਦੀ ਨੂੰ

ਜਾਗ੍ਰਿਤ ਕਰਦੀਆਂ ਹਨ ਅਤੇ ਔਰਤ ਦੇ ਦੁੱਖਾਂ-ਸੁੱਖਾਂ ਨੂੰ ਸਮਝਣ ਦੀ ਚੇਤਨਾ ਵੀ ਦਿੰਦੀਆਂ ਹਨ।

ਸੁਰਿੰਦਰ ਗੀਤ ਦੀਆਂ ਕਹਾਣੀਆਂ ਸਾਡੇ ਸਮਾਜ ਦੀ ਅਸਾਵੀਂ ਵੰਡ, ਜਾਤ-ਪਾਤੀ ਵਿਵਸਥਾ, ਆਰਥਿਕ ਲੁੱਟ ਆਦਿ ਬਾਰੇ ਵੀ ਸੁਚੇਤ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚਲੇ ਪਾਤਰ ਮੱਧ-ਵਰਗੀ ਆਰਥਿਕਤਾ ਨਾਲ ਸੰਬੰਧਿਤ ਹੋਣ ਕਾਰਨ ਬੇਚੈਨੀ ਤੇ ਭੈਅ ਦਾ ਸ਼ਿਕਾਰ ਹੁੰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਕਹਾਣੀਆਂ ਵਿਚਲੀਆਂ ਸਧਾਰਨ ਗੱਲਾਂ ਵੀ ਅਸਾਧਾਰਨ ਪ੍ਰਭਾਵ ਸਿਰਜਦੀਆਂ ਹਨ। ਕਹਾਣੀਕਾਰਾ ਇਹ ਗੱਲਾਂ ਬੜੀ ਸੁਚੇਤ ਹੋ ਕੇ ਕਰ ਰਹੀ ਹੈ। ਇਨ੍ਹਾਂ ਗੱਲਾਂ ਪਿੱਛੇ ਉਸ ਦੀ ਡੂੰਘੀ ਸੋਚ ਹੈ। ਇਹੋ ਕਾਰਨ ਹੈ ਕਿ ਉਹ ਆਪਣੀ ਕਹਾਣੀ ਵਿਚ ਮਾਨਵੀ ਹੋਂਦ ਦੇ ਸਵਾਲ ਨੂੰ ਬਾਖ਼ੂਬੀ ਸਿਰਜਦੀ ਹੋਈ ਪਾਠਕ ਦੇ ਮਨ ਅੰਦਰ ਮਨੁੱਖ ਨੂੰ ਮਨੁੱਖ ਬਣਨ ਦਾ ਸੰਦੇਸ਼ ਦਿੰਦੀ ਹੈ। ਇਹੋ ਸੰਦੇਸ਼ ਇਨ੍ਹਾਂ ਕਹਾਣੀਆਂ ਦੀ ਤਾਕਤ ਹੈ। ਉਮੀਦ ਹੈ ਕਿ ਸੁਰਿੰਦਰ ਗੀਤ ਆਪਣੀ ਇਸ ਤਾਕਤ ਨੂੰ ਪਛਾਣਦੀ ਹੋਈ ਪੰਜਾਬੀ ਕਥਾ ਸਾਹਿਤ ਵਿਚ ਹੋਰ ਵਾਧਾ ਕਰੇਗੀ।

## *ਹਵਾਲੇ ਅਤੇ ਟਿੱਪਣੀਆਂ*

1. *ਗੀਤ, ਸੁਰਿੰਦਰ 'ਤੋਹਫ਼ਾ' ਕਹਾਣੀ-ਸੰਗ੍ਰਹਿ, ਕੈਲੀਬਰ ਪ੍ਰਕਾਸ਼ਨ, ਪਟਿਆਲਾ।*
2. *ਨਰੇਸ਼ ਕੁਮਾਰ (ਡਾ.) (ਸੰਪਾ.), ਸੁਰਿੰਦਰ ਗੀਤ ਦੀਆਂ ਕਹਾਣੀਆਂ : ਪਰਵਾਸੀ ਪ੍ਰਵਚਨ, ਕੈਲੀਬਰ ਪ੍ਰਕਾਸ਼ਨ, ਪਟਿਆਲਾ।*